No. 88725 DPISE-EST2OCC/42/2020-ESTABLISHMENT-2-DPISE/

# ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ।

## ( ਅਮਲਾ - 2 ਸ਼ਾਖਾ )

**ਮਿਤੀ 31.03.2023**

1.0 ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਿਤੀ 20.11.2015 ਨੂੰ ਵੱਖ ਵੱਖ ਵਿਸ਼ਿਆਂ ਦੀਆਂ ਮਾਸਟਰ ਕਾਡਰ ਦੀਆਂ 6060 ਪੋਸਟਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ, ਜਿਸ ਸਬੰਧ ਵਿੱਚ ਮਿਤੀ 27.10.2016 ਨੂੰ ਮੈਰਿਟ ਪ੍ਰਾਪਤ ਹੋਣ ਤੇ ਵੱਖ ਵੱਖ ਮਿਤੀਆਂ ਨੂੰ ਨਵੰਬਰ 2016 ਤੋਂ 2018 ਤੱਕ ਨਿਯੁਕਤੀ ਪੱਤਰ ਸਮੇਤ ਸਟੇਸ਼ਨ ਅਲਾਟ ਕੀਤੇ ਗਏ।

1.1 ਇਸ ਭਰਤੀ ਦੀ ਪ੍ਰੀਕ੍ਰਿਆ ਦੇ ਦੌਰਾਨ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ Vikas Sankhala and others vs. Vikas Kumar Aggarwal, (2017) 1 SCC 350 ਦੇ ਕੇਸ ਵਿੱਚ ਫੈਸਲਾ ਦਿੱਤਾ ਗਿਆ, ਕਿ ਜਿਨ੍ਹਾਂ ਐਸ.ਸੀ./ਬੀ.ਸੀ ਉਮੀਦਵਾਰਾਂ ਨੇ TET (Teacher Eligibility Test) 82 ਤੋਂ 89 ਅੰਕ ਨਾਲ ਪਾਸ ਕੀਤੀ ਹੈ, ਨੂੰ ਇਸ ਸ਼ਰਤ ਤੇ ਜਨਰਲ ਕੈਟਾਗਰੀ ਵਿੱਚ ਵਿਚਾਰਨਾ ਹੈ ਜੇਕਰ ਉਸਦੀ ਮੈਰਿਟ ਜਨਰਲ ਕੈਟਾਗਰੀ ਦੇ ਅੰਤਿਮ ਉਮੀਦਵਾਰ ਤੋਂ ਵੱਧ ਹੋਵੇ, ਭਾਵ TET ਵਿੱਚ ਲਈ ਛੋਟ ਕੋਈ ਰਿਲੈਕਸਸ਼ੇਨ ਨਹੀਂ ਮੰਨਣੀ ਹੈ। ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਦਿੱਤੇ ਗਏ ਫੈਸਲੇ ਦੇ ਅਧਾਰ ਤੇ 6060 ਮਾਸਟਰ ਕਾਡਰ ਦੀ ਭਰਤੀ ਦੇ ਵਿਰੁੱਧ ਸਿ.ਰਿ.ਪ. 22959 ਆਫ 2016 ਗੁਰਜਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਕਲਬਡ ਰਿੱਟ ਪਟੀਸ਼ਨਾਂ ਦਾਇਰ ਹੋ ਗਈਆਂ।

1.2 ਸਿ.ਰਿ.ਪ. 22959 ਆਫ 2016 ਗੁਰਜਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਦੇ ਮਾਨਯੋਗ ਹਾਈ ਕੋਰਟ ਵਿੱਚ ਪੈਂਡਿੰਗ ਹੋਣ ਦੌਰਾਨ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਇਸ਼ਤਿਹਾਰ ਮਿਤੀ 20.11.2015 (6060 ਮਾਸਟਰ ਕਾਡਰ) ਵਿੱਚ Vikas Sankhala and others vs. Vikas Kumar Aggarwal, (2017) 1 SCC 350 ਦੇ ਕੇਸ ਵਿੱਚ ਹੋਏ ਫੈਸਲੇ ਅਨੁਸਾਰ ਮਿਤੀ 10.08.2020 ਨੂੰ ਸੋਧੀ ਸਿਲੈਕਸ਼ਨ ਜਾਰੀ ਕਰ ਦਿੱਤੀ ਗਈ, ਜਿਸ ਅਨੁਸਾਰ ਸਿ.ਰਿ.ਪ. 22959 ਆਫ 2016 ਗੁਰਜਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਕਲਬਡ ਰਿੱਟ ਪਟੀਸ਼ਨਾਂ ਵਿੱਚ 99 ਪਟੀਸ਼ਨਰਾਂ ਵਿੱਚੋਂ 30 ਉਮੀਦਵਾਰਾਂ ਨੂੰ cut off ਮੈਰਿਟ ਅਨੁਸਾਰ ਵਾਚਿਆ ਗਿਆ। ਵੱਖ ਵੱਖ ਵਿਸ਼ਿਆਂ ਵਿੱਚ ਇਨ੍ਹਾਂ 30 ਪਟੀਸ਼ਨਰਾਂ ਵਿੱਚੋਂ 17 ਪਟੀਸ਼ਨਰਾਂ ਨੂੰ ਪਹਿਲਾਂ ਹੀ ਨਿਯੁਕਤ ਕੀਤਾ ਜਾ ਚੁੱਕਾ ਸੀ, ਬਾਕੀ 13 ਪਟੀਸ਼ਨਰਾਂ ਨੂੰ ਨਿਯੁਕਤੀ ਪੱਤਰ ਸਾਲ 2020 ਵਿੱਚ ਜਾਰੀ ਕਰ ਦਿੱਤੇ ਗਏ।

2.0 ਸਿਵਲ ਰਿੱਟ ਪਟੀਸ਼ਨ 22959 ਆਫ 2016 ਗੁਰਜਿੰਦਰ ਸਿੰਘ ਅਤੇ ਹੋਰ ਕਲਬਡ ਕੇਸਾਂ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮਿਤੀ 17.02.2023 ਨੂੰ ਫੈਸਲਾ ਦਿੱਤਾ ਗਿਆ, ਫੈਸਲੇ ਦੀ ਟੂਕ ਹੇਠ ਅਨੁਸਾਰ ਹੈ :-

5. Since, a period of nearly 7 years have elapsed, therefore, this order shall not give opportunity to the other candidates who have never filed the writ petitions in due time and the benefit of the order shall only be restricted to the petitioners.

6. Hence, the writ petitions are disposed of.

3.0 ਮਿਤੀ 17.02.2023 ਦੀ ਪਾਲਣਾ ਵਿਭਾਗ ਵੱਲੋਂ ਹੁਕਮ ਮਿਤੀ 01.03.2023 ਰਾਹੀਂ ਕਮੇਟੀ ਦਾ ਗਠਨ ਕੀਤਾ ਗਿਆ, ਜਿਨ੍ਹਾਂ ਵੱਲੋਂ ਮਿਤੀ 27.03.2023 ਨੂੰ ਫੈਸਲੇ ਦੀ ਰੋਸ਼ਨੀ ਕਮੇਟੀ ਵੱਲੋਂ ਸਿਲੈਕਸ਼ਨ ਦੇ ਡਾਟੇ ਨੂੰ ਘੋਖਿਆ ਗਿਆ। ਸਬੰਧਤ 04 ਵਿਸ਼ਿਆਂ ਹਿੰਦੀ, ਗਣਿਤ, ਸਮਾਜਿਕ ਸਿੱਖਿਆ ਅਤੇ ਪੰਜਾਬੀ ਦੇ ਉਮੀਦਵਾਰਾਂ ਦੇ ਵੇਰਵੇ ਘੋਖੇ ਗਏ, ਜਿਨ੍ਹਾਂ ਦੀ ਸਿਲੈਕਸ਼ਨ ਇੱਕ ਤੋ ਵੱਧ ਵਿਸ਼ੇ/ਕੈਟਾਗਰੀ ਵਿੱਚ ਹੋਈ ਹੈ, ਅਜਿਹੇ ਉਮੀਦਵਾਰਾਂ ਦੀ ਗਿਣਤੀ 393 ਹੈ, ਜਿਨ੍ਹਾਂ ਵੱਲੋਂ ਵੱਖ ਵੱਖ ਵਿਸ਼ੇ/ਕੈਟਾਗਰੀ ਤਹਿਤ ਕੁੱਲ 793 ਪੋਸਟਾਂ ਨੂੰ hold ਕੀਤਾ ਗਿਆ ਸੀ।

4.0 ਪੈਰਾ ਨੰ 3.0 ਤਹਿਤ ਖਾਲੀ ਰਹਿ ਗਈਆਂ 400 ਪੋਸਟਾਂ ਨੂੰ ਵੈਕੰਸੀ ਮੰਨਦੇ ਹੋਏ, ਮਿਤੀ 10.08.2020 ਦੀ ਸਿਲੈਕਸ਼ਨ ਵਿੱਚ ਦਰਜ ਵੱਖ ਵੱਖ ਵਿਸ਼ਿਆਂ/ਕੈਟਾਗਰੀਆਂ ਦੀ ਕੱਟ ਆਫ ਮੈਰਿਟ ਨੂੰ ਵੱਖ ਵੱਖ

ਵਿਸ਼ਿਆਂ/ਕੈਟਾਗਰੀਆਂ ਦੀ ਪੋਸਟਾਂ ਅਨੁਸਾਰ ਮੁੜ ਘੋਖਦੇ ਹੋਏ ਹੇਠਲੀ ਮੈਰਿਟ ਚੁੱਕੀ ਗਈ, ਜੋ ਕਿ ਹੇਠ ਅਨੁਸਾਰ ਹੈ।

ਵਿਸ਼ਾ ਹਿੰਦੀ

| Category | Cut-off Merit (D.O.B) As per 10.08.2020 Amended List | New Cut off Merit (D.O.B) |
|---|---|---|
| General | 200 (08.04.89) | 198 (10.01.83) |
| BC | 191 (08.04.92) | 190 (24.12.88) |
| SC (R&O) | 187 (15.04.85) | 185 (12.10.91) |
| ESM General | 165 (27.10.89) | -- |
| Freedom Fighter | 192 (01.02.88) | -- |
| PH | -- | 160 (15.07.78) |

ਵਿਸ਼ਾ ਗਣਿਤ

| Category | Cut-off Merit (D.O.B) As per 10.08.2020 Amended List | New Cut off Merit (D.O.B) |
|---|---|---|
| General | 187 (25.01.93) | 186 (08.08.83) |
| BC | 173 (21.05.85) | 173 (15.08.87) |
| SC (R&O) | 150 (29.08.87) | --- |
| ESM General | 168 (17.01.76) | --- |
| Freedom Fighter | --- | --- |

ਵਿਸ਼ਾ ਪੰਜਾਬੀ

| Category | Cut-off Merit (D.O.B) As per 10.08.2020 Amended List | New Cut off Merit (D.O.B) |
|---|---|---|
| General | 195 (12.06.90) | 194 (08.08.93) |
| BC | 182 (25.11.86) | 180 (17.09.84) |
| SC (R&O) | 180 (03.03.91) | 176 (07.10.91) |
| ESM General | 168 (03.12.84) | 164 (15.02.88) |
| Freedom Fighter | 174 (25.10.85) | |

ਵਿਸ਼ਾ ਸਮਾਜਿਕ ਸਿੱਖਿਆ

| Category | Cut-off Merit (D.O.B) As per 10.08.2020 Amended List | New Cut off Merit (D.O.B) |
|---|---|---|
| General | 208 (01.08.84) | 206 (25.09.81) |
| BC | 200 (26.11.92) | 197 (01.06.88) |
| SC (R&O) | 198 (07.11.77) | 192 (02.11.79) |
| ESM General | 177 (10.04.75) | -- |
| Freedom Fighter | 151 (04.03.83) | -- |
| PH | | 181 (15.02.88) |

ਵਿਭਾਗ ਵਿੱਚ ਸਿ.ਰਿ.ਪ. 22959/2016 ਨਾਲ ਕੁੱਲ 22 ਰਿੱਟ ਪਟੀਸ਼ਨਾਂ ਦਾ ਜਿਕਰ ਕੀਤਾ ਹੋਇਆ ਹੈ, ਵਿਭਾਗ ਵਿੱਚ ਫੈਸਲੇ ਮਿਤੀ 17.02.2023 ਤੋਂ ਪਹਿਲਾਂ ਹੋਰ ਵੀ ਰਿੱਟ ਪਟੀਸ਼ਨਾਂ ਪੈਂਡਿੰਗ ਚੱਲ ਰਹੀਆਂ ਸਨ, ਜੋ ਕਿ ਹੇਠ ਅਨੁਸਾਰ ਹਨ

| Sr. No. | Case No. | Title | No. of Petitioner |
|---|---|---|---|
| 1 | CWP-21996-2020 | RAJWINDER KAUR AND ORS V/S STATE OF PUNJAB AND ORS | 5 |
| 2 | CWP-6057-2022 | ANJU BALA V/S STATE OF PUNJAB | 1 |
| 3 | CWP-25436-2016 | MANPREET KAUR VS STATE OF PUNJAB | 1 |
| 4 | CWP-20456-2016 | AMRITPAL KAUR VS STATE OF PUNJAB | 1 |

| 5 | CWP-4458-2022 | GAGANPREET VS STATE OF PUNJAB | 1 |
| --- | --- | --- | --- |

ਪੈਰਾ ਨੰ 1.2 ਅਨੁਸਾਰ 99 ਪਟੀਸ਼ਨਰਾਂ ਵਿੱਚੋਂ 30 ਪਟੀਸ਼ਨਰਾਂ ਨੂੰ ਮਿਤੀ 10.08.2020 ਦੀ ਸਿਲੈਕਸ਼ਨ ਸੂਚੀ ਅਨੁਸਾਰ ਵਿਚਾਰ ਲਿਆ ਗਿਆ ਸੀ। ਇਸ ਉਪਰੰਤ ਬਾਕੀ 69 ਪਟੀਸ਼ਨਰ ਅਤੇ ਪੰਜ ਹੋਰ ਰਿੱਟ ਪਟੀਸ਼ਨਾਂ ਦੇ 9 ਪਟੀਸ਼ਨਰ ਕੁੱਲ 78 ਪਟੀਸ਼ਨਰਾਂ ਵੱਲੋਂ ਵੱਖ ਵੱਖ ਵਿਸ਼ਿਆਂ/ਕੈਟਾਗਰੀਆਂ ਵਿਰੁੱਧ ਦੋਹਰੀ ਸਿਲੈਕਸ਼ਨ ਦੇ ਪਟੀਸ਼ਨਰ ਹੋਣ ਕਾਰਣ 85 ਪੋਸਟਾਂ ਨੂੰ ਰੋਕਿਆ ਹੋਇਆ ਸੀ। ਪੈਰਾ ਨੰ 4.0 ਤਹਿਤ ਵੱਖ ਵੱਖ ਵਿਸ਼ਿਆਂ ਦੀਆਂ ਮਿਤੀ 10.08.2020 ਦੀ ਸਿਲੈਕਸ਼ਨ ਸੂਚੀ ਦੀ ਕੱਟ ਆਫ ਮੈਰਿਟ ਉਪਰੰਤ ਨਵੀਂ ਕੱਟ ਆਫ ਮੈਰਿਟ ਅਨੁਸਾਰ ਕੁੱਲ 17 ਪਟੀਸ਼ਨਰਾਂ ਨੂੰ ਯੋਗ ਕਰਾਰ ਪਾਇਆ ਗਿਆ। ਵੱਖ ਵੱਖ ਵਿਸ਼ਿਆਂ ਦੇ 78 ਪਟੀਸ਼ਨਰਾਂ ਵਿੱਚੋਂ 17 ਯੋਗ ਪਟੀਸ਼ਨਰਾਂ/ਉਮੀਦਵਾਰਾਂ ਨੂੰ ਵਿਭਾਗ ਵੱਲੋਂ ਵਿਚਾਰ ਲਿਆ ਗਿਆ ਹੈ।

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿ.ਰਿ.ਪ. 22959 ਆਫ 2016 ਗੁਰਜਿੰਦਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿੱਚ ਹੋਏ ਫੈਸਲੇ ਮਿਤੀ 17.02.2023 ਦੀ ਰੋਸ਼ਨੀ ਵਿੱਚ ਸੋਧੀ ਕੱਟ ਆਫ ਮੈਰਿਟ ਅਨੁਸਾਰ ਯੋਗ ਪਟੀਸ਼ਨਰਾਂ ਨੂੰ ਵਿਚਾਰ ਲਿਆ ਗਿਆ ਹੈ। ਕਿਉਂਜੋ ਇਸ਼ਤਿਹਾਰ ਮਿਤੀ 20.11.2015 (6060 ਮਾਸਟਰ ਕਾਡਰ) ਤੋਂ ਬਾਅਦ ਸਾਲ 2017 ਵਿੱਚ 3582 ਮਾਸਟਰ ਕਾਡਰ, 2020 ਵਿੱਚ 3704 ਮਾਸਟਰ ਕਾਡਰ, 2021 ਵਿੱਚ 2392 ਮਾਸਟਰ ਕਾਡਰ ਅਤੇ 135 ਬੈਕਲਾਗ ਮਾਸਟਰ ਕਾਡਰ ਦੇ ਇਸ਼ਤਿਹਾਰ ਜਾਰੀ ਹੋ ਚੁੱਕੇ ਹਨ, ਇਸ ਲਈ ਇਸ਼ਤਿਹਾਰ ਮਿਤੀ 20.11.2015 (6060 ਮਾਸਟਰ ਕਾਡਰ) ਦੀ ਭਰਤੀ ਦੀ ਪ੍ਰੀਕ੍ਰਿਆ ਬੰਦ ਕੀਤੀ ਜਾਂਦੀ ਹੈ।

ਤੇਜ ਦੀਪ ਸਿੰਘ ਸੈਣੀ, ਪੀ.ਸੀ.ਐਸ.
ਡਾਇਰੈਕਟਰ, ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।
ਐਸ. ਏ. ਐਸ. ਨਗਰ।

ਪਿੱਠ ਅੰਕਣ ਨੰ 202396625 ਮਿਤੀ 31.3.2023

ਉਪਰੋਕਤ ਦਾ ਉਤਾਰਾ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਮਾਇਕਰੋਸੋਫਟ ਬਿਲਡਿੰਗ, ਸ.ਸ.ਸ.ਸ. 3ਬੀ1, ਐਸ. ਏ. ਐਸ. ਨਗਰ (ਮੋਹਾਲੀ) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਸਹਾਇਕ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ)